BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਅਤੇ ਮੈਟਰੋਲਿੰਕਸ, ਕਵੀਨ ਸਟ੍ਰੀਟ ਬੱਸ ਰੈਪਿਡ ਟ੍ਰਾਂਜਿਟ ਸਟਡੀ ਵੱਲ ਅੱਗੇ ਵਧ ਗਏ ਹਨ

ਬ੍ਰੈਂਪਟਨ, ਓਨਟੈਰੀਓ (18 ਦਸੰਬਰ, 2020) – ਸਿਟੀ ਆਫ ਬ੍ਰੈਂਪਟਨ ਅਤੇ ਮੈਟਰੋਲਿੰਕਸ (Metrolinx), ਕਵੀਨ ਸਟ੍ਰੀਟ ਬੱਸ ਰੈਪਿਡ ਟ੍ਰਾਂਜਿਟ (ਬੀ.ਆਰ.ਟੀ.) ਸਟਡੀ (Queen Street Bus Rapid Transit (BRT) study) ਦੀ ਅਗਲੀ ਸਟੇਜ ਵੱਲ ਵਧਦੇ ਹੋਏ, ਆਪਣੀ ਟ੍ਰਾਂਜ਼ਿਟ ਯੋਜਨਾਬੰਦੀ ਵਿੱਚ ਵੱਡੀ ਉਪਲਬਧੀ ਤੱਕ ਪਹੁੰਚ ਗਏ ਹਨ।

ਸਿਟੀ ਦੇ ਟ੍ਰਾਂਸਪੋਰਟੇਸ਼ਨ ਮਾਸਟਰ ਪਲਾਨ (Transportation Master Plan) ਵਿੱਚ ਨਿਯਤ ਰੈਪਿਡ ਟ੍ਰਾਂਜ਼ਿਟ ਕੋਰੀਡੋਰ, ਕਵੀਨ ਸਟ੍ਰੀਟ (Queen Street), ਬ੍ਰੈਂਪਟਨ ਵਿੱਚ ਸਭ ਤੋਂ ਵੱਧ ਵਿਅਸਤ ਟ੍ਰਾਂਜ਼ਿਟ ਕੋਰੀਡੋਰ ਹੈ, ਜਿਸ ਵਿੱਚ ਹਰੇਕ ਕਾਰਜਦਿਨ ਵਿੱਚ 28,000 ਤੋਂ ਵੱਧ ਟ੍ਰਾਂਜ਼ਿਟ ਗਾਹਕ ਆਉਂਦੇ ਹਨ। ਕਿਉਂਕਿ ਅਗਲੇ 25 ਸਾਲਾਂ ਵਿੱਚ, ਸ਼ਹਿਰ ਦੀ ਅਬਾਦੀ ਅਤੇ ਰੋਜ਼ਗਾਰ ਵਿੱਚ, ਲਗਭਗ 40 ਤੋਂ 50 ਪ੍ਰਤੀਸ਼ਤ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ, ਇਸਲਈ ਕੋਰੀਡੋਰ ਵਿੱਚ ਟ੍ਰਾਂਸਪੋਰਟੇਸ਼ਨ ਨੂੰ ਵੀ ਵਧਾਉਣ ਦੀ ਲੋੜ ਹੋਵੇਗੀ। ਰੈਪਿਡ ਟ੍ਰਾਂਜ਼ਿਟ, ਅਬਾਦੀ ਅਤੇ ਰੋਜ਼ਗਾਰ ਵਿੱਚ ਵਾਧੇ ਨੂੰ ਮਦਦ ਕਰਨ ਲਈ ਜ਼ਰੂਰੀ ਹੈ। ਇਹ ਬ੍ਰੈਂਪਟਨ ਦੇ ਨਿਵਾਸੀਆਂ ਲਈ ਕਨੈਕਟੀਵਿਟੀ ਵਿੱਚ ਸੁਧਾਰ ਕਰਦਾ ਹੈ ਅਤੇ ਮੁਕਾਬਲੇਦਾਰ ਟ੍ਰੈਵਲ ਵਿਕਲਪ ਪ੍ਰਦਾਨ ਕਰਦਾ ਹੈ।

ਕਵੀਨ ਸਟ੍ਰੀਟ ਬੀ.ਆਰ.ਟੀ. ਸਟਡੀ, ਯੌਰਕ ਰੀਜਨ (York Region) ਵਿੱਚ ਵੀਵਾ ਬੀ.ਆਰ.ਟੀ. ਰੈਪਿਡਵੇ (Viva BRT Rapidway) ਦਾ ਵਿਸਤਾਰ ਕਰਨ ਦੇ ਨਾਲ-ਨਾਲ, ਕਵੀਨ ਸਟ੍ਰੀਟ ਤੇ ਮੌਜੂਦਾ ਜ਼ੂਮ (Züm) ਸੇਵਾਵਾਂ ਨੂੰ, ਸਮਰਪਿਤ ਲੇਨਾਂ ਵਾਲੇ ਪੂਰੇ ਬੱਸ ਰੈਪਿਡ ਟ੍ਰਾਂਜ਼ਿਟ ਵਿੱਚ ਅੱਪਗ੍ਰੇਡ ਕਰਨ ਦੀ ਸਲਾਹ ਦਿੰਦੀ ਹੈ। ਸਟਡੀ ਦੀ ਅਗਲੀ ਸਟੇਜ ਵਿੱਚ, ਸਿਟੀ ਅਤੇ ਮੈਟਰੋਲਿੰਕਸ, ਵਾਤਾਵਰਣ ਸਬੰਧੀ ਅਸੈਸਮੈਂਟ ਦੀ ਤਿਆਰੀ ਸ਼ੁਰੂ ਕਰ ਸਕਦੇ ਹਨ, ਜੋ ਇਸਦੇ ਅਨੁਮਾਨਿਤ ਵਿਵਸਾਇਕ ਫਾਇਦੇ ਦੇ ਆਧਾਰ ਤੇ ਮੁੱਢਲੇ ਡਿਜ਼ਾਈਨ ਨੂੰ ਅੱਗੇ ਵਧਾਉਂਦੇ ਹੋਏ, ਅਗਲੇ ਸਾਲ ਦੀ ਸ਼ੁਰੂਆਤ ਵਿੱਚ ਸ਼ੁਰੂ ਹੋ ਸਕਦਾ ਹੈ।

ਕਵੀਨ ਸਟ੍ਰੀਟ ਬੱਸ ਰੈਪਿਡ ਟ੍ਰਾਂਜ਼ਿਟ ਬਾਰੇ ਹੋਰ ਜਾਣਕਾਰੀ ਲਈ, www.brampton.ca/QSBRT ਤੇ ਜਾਓ।

**ਪਿਛੋਕੜ:**

- ਲਗਭਗ 21,000 ਗਾਹਕ, ਬ੍ਰੈਂਪਟਨ ਦੀ ਮੌਜੂਦਾ, ਰੈਪਿਡ ਟ੍ਰਾਂਜ਼ਿਟ ਜ਼ੂਮ (Rapid Transit Züm) ਸੇਵਾ (ਰੂਟ 501/501A/501C) ਵਰਤਦੇ ਹਨ।
- ਕੈਨੇਡਾ ਦੇ ਸਭ ਤੋਂ ਤੇਜ਼ੀ ਨਾਲ ਵਧਦੇ ਟ੍ਰਾਂਜ਼ਿਟ ਸਿਸਟਮਾਂ ਵਿੱਚੋਂ ਇੱਕ ਬ੍ਰੈਂਪਟਨ ਵਿੱਚ ਹੈ। ਪਿਛਲੇ ਦਹਾਕੇ ਵਿੱਚ, ਅਬਾਦੀ ਵਿੱਚ 27 ਪ੍ਰਤੀਸ਼ਤ ਵਾਧੇ ਦੇ ਮੁਕਾਬਲੇ, ਰਾਈਡਰਸ਼ਿਪ ਵਿੱਚ 160 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਉਸੇ ਮਿਆਦ ਵਿੱਚ, ਪ੍ਰਤੀ ਵਿਅਕਤੀ, ਟ੍ਰਾਂਜ਼ਿਟ ਰਾਈਡਰਸ਼ਿਪ ਦੁੱਗਣੀ ਹੋ ਗਈ।
- ਕਵੀਨ ਸਟ੍ਰੀਟ ਵਿੱਚ ਰੈਪਿਡ ਟ੍ਰਾਂਜ਼ਿਟ ਦੀ ਯੋਜਨਾਬੰਦੀ, ਮੈਟਰੋਲਿੰਕਸ ਦੀ ਅਗਵਾਈ ਵਿੱਚ ਕੀਤੇ ਜਾ ਰਹੇ ਸਮੁੱਚੇ ਰੀਜਨਲ ਟ੍ਰਾਂਸਪੋਰਟੇਸ਼ਨ ਪਲਾਨ (overall regional transportation plan) ਦੇ ਮੁਤਾਬਕ ਹੈ।
- ਕਵੀਨ ਸਟ੍ਰੀਟ, ਬੀ.ਆਰ.ਟੀ. ਇਨੀਸ਼ੀਅਲ ਬਿਜਨੇਸ ਕੇਸ (Queen Street BRT Initial Business Case) ਪ੍ਰਾਈਮਰੀ ਸਟਡੀ ਏਰੀਆ, ਕਵੀਨ ਸਟ੍ਰੀਟ-ਹਾਈਵੇ 7 ਕੋਰੀਡੋਰ ਦੇ ਵਿਚਾਲੇ, ਬ੍ਰੈਂਪਟਨ ਦੇ ਵੈਸਟ ਵਿੱਚ ਮਿਸੀਸਾਗਾ ਰੋਡ (Mississauga Road) ਤੋਂ ਈਸਟ ਵਿੱਚ ਸਿਟੀ ਆਫ ਵੌਨ (City of Vaughan) ਵਿੱਚ ਵੌਨ ਮੈਟਰੋਪੋਲੀਟਨ ਸੈਂਟਰ (Vaughan Metropolitan Centre) ਦੇ ਵਿਚਕਾਰ ਸਥਿਤ ਹੈ।

- ਇਸ ਪਲਾਨ ਨੇ ਕਵੀਨ ਸਟ੍ਰੀਟ ਨੂੰ, ਇੱਕ “ਇਨ-ਡਿਵੈਲਪਮੈਂਟ” (“In-Development”) ਪ੍ਰੋਜੈਕਟ ਵਜੋਂ ਸਾਬਤ ਕੀਤਾ ਹੈ ਅਤੇ ਇਹ, 2041 ਦੇ ਰੀਜਨਲ ਟ੍ਰਾਂਸਪੋਰਟੇਸ਼ਨਲ ਪਲਾਨ (2041 Regional Transportation Plan) ਵਿੱਚ ਫ੍ਰੀਕਵੈਂਟ ਰੈਪਿਡ ਟ੍ਰਾਂਜ਼ਿਟ ਨੈੱਟਵਰਕ (Frequent Rapid Transit Network) ਦਾ ਮੁੱਖ ਹਿੱਸਾ ਹੈ।

*ਨੋਟ: ਮਾਰਚ 2020 ਵਿੱਚ ਕੋਵਿਡ-19 ਸਬੰਧੀ ਸੇਵਾ ਤਬਦੀਲੀਆਂ ਤੋਂ ਪਹਿਲਾਂ ਸਧਾਰਨ ਸੰਚਾਲਨ ਸਥਿਤੀਆਂ ਵਿੱਚ ਰਾਈਡਰਸ਼ਿਪ ਡੇਟਾ।*

**ਹਵਾਲੇ**

“ਅਸੀਂ ਇਸ ਐਲਾਨ ਦਾ ਸੁਆਗਤ ਕਰਦੇ ਹਾਂ ਅਤੇ ਕਵੀਨ ਸਟ੍ਰੀਟ ਬੱਸ ਰੈਪਿਡ ਟ੍ਰਾਂਜ਼ਿਟ ਸਟਡੀ ਨੂੰ ਅੱਗੇ ਵਧਾਉਣ ਜਾਰੀ ਰੱਖਣ ਲਈ, ਮੈਟਰੋਲਿੰਕਸ ਦੀ ਲੀਡਰਸ਼ਿਪ ਅਤੇ ਵਚਨਬੱਧਤਾ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ। ਟ੍ਰਾਂਜ਼ਿਟ, ਸਿਹਤਮੰਦ ਭਾਈਚਾਰੇ ਅਤੇ ਅਰਥਚਾਰੇ ਦਾ ਮਹੱਤਵਪੂਰਣ ਹਿੱਸਾ ਹੈ। ਇਸ ਵਰਗੇ ਬੁਨਿਆਦੀ ਕੰਮ ਦੇ ਅੱਗੇ ਵਧਣ ਨਾਲ, ਸਾਨੂੰ ਇੱਕ ਵੰਨ-ਸੁਵੰਨੇ, ਨੌਜਵਾਨ ਅਬਾਦੀ ਵਾਲੇ, ਗਤੀਸ਼ੀਲ ਅਤੇ ਤੇਜ਼ੀ ਨਾਲ ਵਧਣ ਵਾਲੇ ਸ਼ਹਿਰ ਦੇ ਵਾਧੇ ਵਿੱਚ ਮਦਦ ਮਿਲੇਗੀ। ਬ੍ਰੈਂਪਟਨ ਸਿਟੀ ਕਾਉਂਸਿਲ, ਇਸ ਮਹੱਤਵਪੂਰਣ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ, ਮੈਟਰੋਲਿੰਕਸ ਵਿਖੇ ਸਾਡੇ ਭਾਈਵਾਲਾਂ ਦੇ ਨਾਲ ਕੰਮ ਜਾਰੀ ਰੱਖਣ ਲਈ ਉਤਸ਼ਾਹਿਤ ਹੈ।”

– *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ, ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ। ਟ੍ਰਾਂਜ਼ਿਟ ਵਿੱਚ ਨਿਵੇਸ਼, ਅਜਿਹਾ ਸੰਮਿਲਤ ਸ਼ਹਿਰ ਬਣਾਉਣ ਲਈ ਮਹੱਤਵਪੂਰਣ ਹੈ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਕਵੀਨ ਸਟ੍ਰੀਟ ਬੀ.ਆਰ.ਟੀ. ਨੂੰ ਅੱਗੇ ਵਧਾਉਣਾ, ਟ੍ਰਾਂਜ਼ਿਟ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਮਹੱਤਵਪੂਰਣ ਹੈ। ਨਾਲ ਹੀ ਇਹ, ਗ੍ਰੀਨ ਸਿਟੀ ਵਜੋਂ ਬ੍ਰੈਂਪਟਨ ਦਾ ਵਿਸਤਾਰ ਕਰਨ ਅਤੇ 2050 ਤੱਕ ਗ੍ਰੀਨਹਾਉਸ ਗੈਸ ਨਿਕਾਸੀਆਂ ਨੂੰ 80 ਪ੍ਰਤੀਸ਼ਤ ਘਟਾਉਣ ਦੇ, ਸਾਡੇ ਜਲਵਾਯੂ ਪਰਿਵਰਤਨ ਦੇ ਟੀਚੇ ਨੂੰ ਹਾਸਲ ਕਰਨ ਲਈ ਵੀ ਮਹੱਤਵਪੂਰਣ ਹੈ। ਇਹ ਦੂਜਾ ਸ਼ਾਨਦਾਰ ਉਦਾਹਰਨ ਹੈ ਕਿ ਜਦੋਂ ਸਰਕਾਰ ਦੇ ਸਾਡੇ ਅਲਗ-ਅਲਗ ਅਮਲੇ, ਇਕੱਠੇ ਮਿਲ ਕੇ ਕੰਮ ਕਰਦੇ ਹਨ ਤਾਂ ਨਿਵਾਸੀਆਂ ਨੂੰ ਕਿਵੇਂ ਫਾਇਦਾ ਹੁੰਦਾ ਹੈ।”

– *ਰੋਏਨਾ ਸੈਨਟੋਸ* (Rowena Santos), *ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਇਹ, ਸਿਟੀ ਵਿਖੇ ਸਾਡੇ ਲਈ ਰੋਮਾਂਚਕ ਖਬਰ ਹੈ। ਕਵੀਨ ਸਟ੍ਰੀਟ ਦੇ ਨਾਲ ਰੈਪਿਡ ਟ੍ਰਾਂਜ਼ਿਟ ਦੇ ਵਿਸਤਾਰ ਨਾਲ, ਅਸੀਂ ਬ੍ਰੈਂਪਟਨ ਵਿੱਚ ਇੱਕੋ ਥਾਂ ਤੇ ਲੋਕਾਂ ਦੀ ਸੰਖਿਆ ਨੂੰ ਵਧਾ ਕੇ, ਖੇਤਰ ਨੂੰ ਰਹਿਣ, ਕੰਮ ਕਰਨ ਅਤੇ ਖੇਡਣ ਦੀ ਥਾਂ ਵਜੋਂ ਉੱਨਤ ਕਰ ਸਕਦੇ ਹਾਂ। ਇਹ ਨਾ ਸਿਰਫ਼, ਸਿਟੀ ਦੀਆਂ ਕੁਝ ਮਹੱਤਵਪੂਰਣ ਥਾਵਾਂ ਨੂੰ ਜੋੜਦਾ ਹੈ, ਬਲਕਿ ਕਵੀਨ ਸਟ੍ਰੀਟ ਬੀ.ਆਰ.ਟੀ., ਡਾਊਨਟਾਊਨ ਬ੍ਰੈਂਪਟਨ ਨੂੰ, ਬ੍ਰੈਮਲੀ ਸਿਟੀ ਸੈਂਟਰ, ਵੌਨ ਮੈਟਰੀਪੋਲੀਟਨ ਸੈਂਟਰ, ਰਿਚਮੰਡ ਹਿਲ ਸੈਂਟਰ, ਮਰਖਮ ਸੈਂਟਰ ਆਦਿ ਦੇ ਨਾਲ ਜੋੜਨ ਵਾਲੇ ਵੱਡੇ, ਇੰਟਰ-ਰੀਜਨਲ ਕੋਰੀਡੋਰ ਵਿੱਚ ਮਹੱਤਵਪੂਰਣ ਕਨੈਕਸ਼ਨ ਵੀ ਪ੍ਰਦਾਨ ਕਰੇਗਾ।”

- *ਹਰਕੀਰਤ ਸਿੰਘ* (Harkirat Singh), *ਸਿਟੀ ਕਾਉਂਸਲਰ, ਵਾਰਡਸ 9 ਅਤੇ 10*

“ਹਾਲਾਂਕਿ ਅਸੀਂ ਲਗਾਤਾਰ ਕੋਵਿਡ-19 ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਦੇ ਯਤਨ ਕਰ ਰਹੇ ਹਾਂ, ਸਟਾਫ਼ ਉਸ ਜ਼ਰੂਰੀ ਅਤੇ ਮਹੱਤਵਪੂਰਣ ਕੰਮ ਲਈ ਵਚਨਬੱਧ ਹੈ, ਜੋ ਸਾਡੇ ਸ਼ਹਿਰ ਨੂੰ ਗਤੀਸ਼ੀਲ ਰੱਖਦਾ ਹੈ। ਮੈਂ ਸਿਟੀ ਦੇ ਸਟਾਫ਼ ਅਤੇ ਮੈਟਰੋਲਿੰਕਸ ਦੀ ਟੀਮ ਦਾ ਬਹੁਤ-ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਇਸ ਮਹੱਤਵਪੂਰਣ ਪ੍ਰੋਜੈਕਟ ਨੂੰ ਅੱਗੇ ਵਧਾਉਣ ਵਿੱਚ ਸਹਿਯੋਗ ਜਾਰੀ ਰੱਖਿਆ ਹੈ। ਕਵੀਨ ਸਟ੍ਰੀਟ ਬੀ.ਆਰ.ਟੀ., ਸਾਡੀ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਣ ਹੈ। ਇਹ ਇਨੋਵੇਸ਼ਨ ਕੋਰੀਡੋਰ ਵਿੱਚ ਬ੍ਰੈਂਪਟਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਦਦ ਕਰੇਗਾ।”

– *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca